a2zpapers.com

**Exam. Code : 108101**
**Subject Code : 1993**

**Bachelor of Fine Art 1st Semester**

**PUNJABI COMPULSORY**

**Paper–VII (i)**

Time Allowed—3 Hours] [Maximum Marks—50

**ਨੋਟ :** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਹਰ ਭਾਗ ਵਿੱਚੋਂ **ਦੋ** ਪ੍ਰਸ਼ਨ ਪੁਛੇ ਗਏ ਹਨ। ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿੱਚੋਂ **ਇੱਕ-ਇੱਕ** ਪ੍ਰਸ਼ਨ ਕਰਨਾ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ।

**ਭਾਗ—ੳ**

1. ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਧਰਤੀ ਦੇ ਹੇਠਾਂ

ਧੌਲ ਹੈ ਧਰਮ ਹੈ

ਇਕ ਮੇਰੀ ਧੀ ਹੈ

ਧਰਤੀ ਤਾਂ ਬੋਝ ਹੈ

ਦੁੱਖ ਹੈ ਕੋਝ ਹੈ

ਸਹਿੰਦੀ ਹੈ ਧੀ

ਪਰ ਕਹਿੰਦੀ ਨਾ ਸੀ ਹੈ।

**ਜਾਂ**



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਇਹ ਬੇਪ੍ਰਵਾਹ ਪੰਜਾਬ ਦੇ
ਮੌਤ ਨੂੰ ਮਖੌਲਾਂ ਕਰਨ
ਮਰਨ ਥੀ ਨਹੀਂ ਡਰਦੇ
ਪਿਆਰ ਨਾਲ ਇਹ ਕਰਨ ਗੁਲਾਮੀ
ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ। 10

(ਅ) ਕਿਸੇ **ਇੱਕ** ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

(i) ਸੈਦਾਂ ਤੇ ਸਬਜ਼ਾਂ

(ii) ਕੇਲੋਂ ਦੇ ਗਲ ਲੱਗੀ ਵੇਲ। 10

**ਭਾਗ—ਅ**

2. (ੳ) "ਗੁਰੂ ਕਾ ਬਾਗ ਤੇ ਮੁਲਤਾਨ" ਨਿਬੰਧ ਦਾ ਸਾਰ ਲਿਖੋ।

**ਜਾਂ**

(ਅ) "ਅਫ਼ਰੀਕਾ ਦੀ ਯਾਦ" ਨਿਬੰਧ ਦੀ ਲਿਖਣ ਸ਼ੈਲੀ ਤੇ ਆਪਣੇ ਵਿਚਾਰ ਪੇਸ਼ ਕਰੋ। 10

**ਭਾਗ—ੲ**

3. (ੳ) ਕਿਸੇ **ਇੱਕ** ਵਿਸ਼ੇ ਉੱਤੇ ਪੈਰ੍ਹਾ ਰਚਨਾ ਲਿਖੋ :

(i) ਕੰਪਿਊਟਰ ਦੀ ਸਾਰਥਕਤਾ।

(ii) ਸਵੇਰ ਦੀ ਸੈਰ।

(iii) ਵਿਦਿਆਰਥੀ ਤੇ ਅਨੁਸ਼ਾਸਨ। 5



www.a2zpapers.com www.a2zpapers.com
oad free old Question papers gndu, ptu hp board, punjab

a2zpapers.com

(ਅ) ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

ਵਿਆਹ ਸ਼ਾਦੀ ਦੇ ਵਿੱਚ ਹਿੱਸਾ ਪਾਉਣ ਵਾਲਾ ਇੱਕ ਅਦਭੁਤ ਪਾਤਰ ਹੁੰਦਾ ਹੈ, ਵਿਚੋਲਾ। 'ਭਾਨੀ-ਮਾਰ' ਦਾ ਉਲਟਾ ਰੂਪ। ਪਰ ਜੇ ਭਾਨੀ-ਮਾਰ ਦੇ ਅਹੁਦੇ ਤੋਂ ਤਰੱਕੀ ਕਰ ਕੇ ਇਸ ਪਦਵੀ ਤਕ ਪੁੱਜਿਆ ਹੋਵੇ ਤਾਂ ਜਿਹੜੇ ਸਾਕ ਉਸਨੇ ਕਰਵਾਉਣੇ ਹੁੰਦੇ ਹਨ, ਉਨ੍ਹਾਂ ਵਿੱਚ ਸਖ਼ਤ ਢਾਹੂ ਹੁੰਦਾ ਹੈ। ਖ਼ੈਰ ਕੁੱਝ ਵੀ ਹੋਵੇ ਸਮੁੱਚੇ ਤੌਰ ਤੇ ਵਿਚੋਲਗੀ ਇੱਕ ਉਸਾਰੂ ਕਰਤੱਵ ਹੈ, ਜਿਸ ਨੂੰ ਜਣਾ-ਖਣਾ ਨਹੀਂ ਨਿਭਾਅ ਸਕਦਾ। ਦੋਹਾਂ ਧਿਰਾ ਦੀਆਂ ਤੱਤੀਆਂ ਠੰਢੀਆਂ ਸੁਣਨ ਤੋਂ ਇਲਾਵਾ ਜੁਲਾਹੇ ਦੀ ਨੜੀ ਵਾਂਗ ਏਧਰੋਂ ਉਧਰ, ਉਧਰੋਂ ਏਧਰ ਤਕ ਫਟਾਫਟ ਘੁੰਮ-ਘੁੰਮਾਈ ਕਰ ਕੇ ਭਾਨੀ-ਮਾਰਾਂ ਦੀਆਂ ਗ਼ਲਤ-ਫਹਿਮੀਆਂ ਦੂਰ ਕਰਨ ਤੋਂ ਇਲਾਵਾ, ਦੋਹਾਂ ਰਿਸ਼ਤੇਦਾਰਾਂ ਵਿੱਚ ਸਤਿਕਾਰ ਤੇ ਪ੍ਰੇਮ-ਪਿਆਰ ਪੈਦਾ ਕਰਨਾ ਵੀ ਇਸ ਦਾ ਇੱਕ ਕੰਮ ਹੁੰਦਾ ਹੈ, ਜੋ ਪਿੰਡਾਂ ਵਿੱਚ ਕਿਸੇ ਚੰਗੇ ਸਲੀਕੇ ਵਾਲੇ ਵਰਤਾਉ ਨਾਲੋਂ ਆਰਥਿਕ ਰੋਹਬ ਬਿਠਾਉਣ ਕਾਰਨ ਵਧੇਰੇ ਪੈਦਾ ਹੁੰਦਾ ਹੈ।

ਉਪਰੋਕਤ ਪੈਰ੍ਹਾ ਪੜ੍ਹ ਕੇ ਉੱਤਰ ਦਿਉ :

(1) ਵਿਚੋਲਾ ਕਿਸ ਨੂੰ ਕਿਹਾ ਜਾਂਦਾ ਹੈ ?

(2) ਵਿਚੋਲਗੀ ਉਸਾਰੂ ਕੰਮ ਕਿਸ ਤਰ੍ਹਾਂ ਹੁੰਦੀ ਹੈ ?

(3) ਵਿਚੋਲੇ ਦੇ ਕਿਹੜੇ ਕੰਮ ਹੁੰਦੇ ਹਨ ?

(4) ਵਿਚੋਲਾ ਦੋਹਾਂ ਧਿਰਾਂ ਵਿੱਚ ਪਿਆਰ ਕਿਵੇਂ ਵਧਾਉਂਦਾ ਹੈ ?

(5) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ। 5



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਭਾਗ—ਸ

4. (ੳ) ਉਪਭਾਸ਼ਾ ਕੀ ਹੁੰਦੀ ਹੈ ? ਮਾਝੀ ਉਪਭਾਸ਼ਾ ਦੇ ਪਛਾਣ ਚਿੰਨ੍ਹਾਂ ਬਾਰੇ ਵਿਚਾਰ ਪੇਸ਼ ਕਰੋ।

ਜਾਂ

(ਅ) ਉਚਾਰਨ ਦੇ ਲਹਿਜੇ ਦੇ ਆਧਾਰ ਤੇ ਪੰਜਾਬੀ ਭਾਸ਼ਾ ਦੀਆਂ ਵਿਅੰਜਨ ਧੁਨੀਆਂ ਦਾ ਵਰਗੀਕਰਨ ਕਰੋ। 10



www.a2zpapers.com www.a2zpapers.com
oad free old Question papers gndu, ptu hp board, punjab